international council on archives
conseil international des archives

## ਪੁਰਾਲੇਖ ਸੰਗ੍ਰਹਿ (ਪੁਰਾਣੇ ਜਾਂ ਸਰਕਾਰੀ ਲੇਖ-ਪੱਤਰ ਰੱਖਣ ਦਾ ਸਥਾਨ) ਤੇ ਵਿਸ਼ਵਵਿਆਪੀ ਘੋਸ਼ਣਾ

ਪੁਰਾਲੇਖ-ਸੰਗ੍ਰਹਿ ਨਿਰਣੇ, ਕਾਰਵਾਈਆਂ ਅਤੇ ਯਾਦਾਂ ਨੂੰ ਰਿਕਾਰਡ ਕਰਦੇ ਹਨ। ਪੁਰਾਲੇਖ-ਸੰਗ੍ਰਹਿ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਇੱਕ ਅਨੂਠਾ ਅਤੇ ਅਪੂਰਨੀ ਵਿਰਸਾ ਹੈ। ਪੁਰਾਲੇਖ-ਸੰਗ੍ਰਹਿ ਦਾ ਮੁੱਲ ਅਤੇ ਅਰਥ ਨੂੰ ਸੁਰੱਖਿਅਤ ਰੱਖਣ ਲਈ ਨਿਰਮਾਣ ਦੇ ਨਾਲ ਪ੍ਰਬੰਧਤ ਕੀਤਾ ਜਾਂਦਾ ਹੈ। ਉਹ ਜਵਾਬਦੇਹ ਅਤੇ ਪ੍ਰਸ਼ਾਸਨਿਕ ਕਾਰਜਾਂ ਨੂੰ ਮਜਬੂਤ ਕਰਦੀ ਜਾਣਕਾਰੀ ਦੇ ਅਧਿਕਾਰਤ ਸਰੋਤ ਹਨ। ਉਹ ਕਿਸੇ ਵਿਅਕਤੀ ਜਾਂ ਸਮੁਦਾਏ ਦੀ ਯਾਦ ਨੂੰ ਸੁਰੱਖਿਅਤ ਰੱਖ ਕੇ ਅਤੇ ਯੋਗਦਾਨ ਦੇ ਕੇ ਸਮਾਜਾਂ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪੁਰਾਲੇਖ-ਸੰਗ੍ਰਹਿ ਤੇ ਖੁੱਲ੍ਹੀ ਪਹੁੰਚ ਸਾਡੀ ਮਾਨਵ ਸਮਾਜ ਬਾਰੇ ਜਾਣਕਾਰੀ ਵਿੱਚ ਵਾਧਾ ਕਰਦੀ ਹੈ, ਲੋਕਤੰਤਰ ਨੂੰ ਵਧਾਵਾ ਦਿੰਦੀ ਹੈ, ਨਾਗਰਿਕ ਦੇ ਅਧਿਕਾਰਾਂ ਦੀ ਸੁਰੱਖਿਆ ਕਰਦੀ ਹੈ ਅਤੇ ਜੀਨਵ ਮਿਆਰ ਨੂੰ ਵਧਾਉਂਦੀ ਹੈ।

**ਅੰਤਰਰਾਸ਼ਟਰੀ ਪੁਰਾਲੇਖੀ ਸਮਦਾਏ,**

- ਪ੍ਰਸ਼ਾਸਨਿਕ, ਸੱਭਿਆਚਾਰਕ, ਬੌਧਕ ਗਤੀਵਿਧੀਆਂ ਦੇ ਰੂਪ ਵਿੱਚ ਅਤੇ ਸਮਾਜ ਦੇ ਵਿਕਾਸ ਦੀ ਇੱਕ ਛਵੀ ਦੇ ਰੂਪ ਵਿੱਚ ਪੁਰਾਲੇਖ-ਸੰਗ੍ਰਹਿ ਦੀ **ਅਨੂਠੀ ਵਿਸ਼ੇਸ਼ਤਾ** ਇਸਦੀ ਅਧਿਕਾਰਤ ਰੂਪ ਵਿੱਚ ਵਿਸ਼ੇਸ਼ਤਾ ਦੀ ਸ਼ਲਾਘਾ ਕਰਦੀ ਹੈ;

- ਕਾਰੋਬਾਰੀ ਕੁਸ਼ਲਤਾ, ਜਵਾਬਦੇਹੀ ਅਤੇ ਪਾਰਦਰਸ਼ਤਾ ਵਿੱਚ ਮਦਦ ਕਰਨ ਲਈ, ਨਾਗਰਿਕਾਂ ਦੇ ਅਧਿਕਾਰਾਂ ਦੀ ਸੁਰੱਖਿਆ ਕਰਨ ਲਈ, ਵਿਅਕਤੀ ਅਤੇ ਸਮੂਹਕ ਸਮਾਜ ਦੀਆਂ ਯਾਦਾਂ ਨੂੰ ਬਰਕਰਾਰ ਰੱਖਣ ਲਈ, ਅਤੀਤ ਨੂੰ ਸਮਝਣ ਲਈ, ਅਤੇ ਭਵਿੱਖੀ ਕਾਰਜਾਂ ਵਿੱਚ ਰਾਹਨੁਮਾਈ ਕਰਨ ਲਈ ਵਰਤਮਾਨ ਦਾ ਲਿਖਤੀ ਪ੍ਰਮਾਣ ਦੇਣ ਲਈ, ਪੁਰਾਲੇਖ-ਸੰਗ੍ਰਹਿ ਦੀ **ਅਹਿਮ ਲੋੜ** ਦਾ ਪ੍ਰਗਟਾਵਾ ਕਰਦੇ ਹਨ;

- ਮਾਨਵੀ ਗਤੀਵਿਧੀ ਦੇ ਹਰ ਖੇਤਰ ਦੀ ਰਿਕਾਰਡਿੰਗ ਵਿੱਚ ਪੁਰਾਲੇਖ-ਸੰਗ੍ਰਹਿ ਦੀ **ਭਿੰਨਤਾ** ਨੂੰ ਦਰਸ਼ਾਉਂਦਾ ਹੈ;

- **ਬਹੁ ਪ੍ਰਕਾਰ ਦੇ ਫਾਰਮੇਟ** ਜਿਨ੍ਹਾਂ ਵਿੱਚ ਪੁਰਾਲੇਖ-ਸੰਗ੍ਰਹਿ ਦਾ ਪੇਪਰ, ਇਲੈਕਟ੍ਰੋਨਿਕ, ਆਡਿਓ ਵੀਡਿਓ ਅਤੇ ਹੋਰ ਕਿਸਮਾਂ ਸਮੇਤ ਨਿਰਮਾਣ ਕੀਤਾ ਜਾਂਦਾ ਹੈ;

- ਰਿਕਾਰਡਾਂ ਦੇ ਨਿਰਮਾਣ ਵਿੱਚ ਮਦਦ ਕਰਕੇ ਆਪਣੇ ਸਮਾਜ ਦੀ ਸੇਵਾ ਕਰਨਾ ਅਤੇ ਇਨ੍ਹਾਂ ਰਿਕਾਰਡਾਂ ਨੂੰ ਇਸਤੇਮਾਲ ਲਈ ਉਪਲਬਧ ਕਰਨ ਵਾਸਤੇ ਚੁਣਕੇ, ਕਾਇਮ ਰੱਖ ਕੇ ਅਤੇ ਬਣਾ ਕੇ **ਪੁਰਾਲੇਖ-ਸੰਗ੍ਰਹਿ ਅਧਿਅਕਸ਼ ਦੀ** ਸ਼ੁਰੂਆਤੀ ਅਤੇ ਜਾਰੀ ਸਿੱਖਿਆ ਦੇ ਨਾਲ ਮਾਹਰ ਪੇਸ਼ੇਵਰਾਂ ਦੇ ਰੂਪ ਵਿੱਚ **ਭੂਮਿਕਾ**,;

- **ਸਾਰਿਆਂ ਦੀ ਸਮੂਹਕ ਜਿੰਮੇਵਾਰੀ** - ਨਾਗਰਿਕਾਂ, ਜਨਤਕ ਪ੍ਰਸ਼ਾਸਕਾਂ ਅਤੇ ਨਿਰਣਾ ਲੈਣ ਵਾਲੇ, ਜਨਤਕ ਅਤੇ ਨਿਜੀ ਪੁਰਾਲੇਖ-ਸੰਗ੍ਰਹਿ ਦੇ ਮਾਲਕ ਜਾਂ ਧਾਰਕ, ਅਤੇ ਹੋਰ ਜਾਣਕਾਰੀ ਵਿਸ਼ੇਸ਼ੱਗ - ਪੁਰਾਲੇਖ-ਸੰਗ੍ਰਹਿ ਦੇ ਪ੍ਰਬੰਧਨ ਵਿੱਚ।

**ਨਿਮਨਲਿਖਤ ਵਾਸਤੇ ਇੱਕਠੇ ਮਿਲ-ਝੁਲ ਕੇ ਕੰਮ ਕਰਨ ਦਾ ਬੀੜਾ ਚੁੱਕਣਾ**

- ਢੁੱਕਵੀਆਂ ਰਾਸ਼ਟਰੀ ਪੁਰਾਲੇਖ-ਸੰਗ੍ਰਹਿ ਦੀਆਂ ਪਾਲਸੀਆਂ ਅਤੇ ਕਨੂੰਨ ਅਪਨਾਏ ਅਤੇ ਲਾਗੂ ਕੀਤੇ ਜਾਣ;

- ਪੁਰਾਲੇਖ-ਸੰਗ੍ਰਹਿ ਦੇ ਪ੍ਰਬੰਧਨ ਦੀ ਸਾਰੀਆਂ ਸੰਸਥਾਵਾਂ, ਜਨਤਕ ਜਾਂ ਨਿਜੀ, ਦੁਆਰਾ ਕੁਸ਼ਲਤਾ ਨਾਲ ਮੁਲਾਂਕਣ ਕੀਤਾ ਜਾਵੇ, ਜੋ ਆਪਣੇ ਕਾਰੋਬਾਰ ਨੂੰ ਚਲਾਉਣ ਵਿੱਚ ਪੁਰਾਲੇਖ-ਸੰਗ੍ਰਹਿ ਦੀ ਵਰਤੋਂ ਕਰਦੀਆਂ ਹਨ;

- ਮਾਹਰ ਪੇਸ਼ੇਵਰਾਂ ਦੇ ਰੁੱਜ਼ਗਾਰ ਸਮੇਤ ਪੁਰਾਲੇਖ-ਸੰਗ੍ਰਹਿ ਦੇ ਉਚਿਤ ਪ੍ਰਬੰਧਨ ਨੂੰ ਮਜਬੂਤ ਬਣਾਉਣ ਲਈ ਢੁੱਕਵੇਂ ਸਾਧਨ ਪ੍ਰਦਾਨ ਕੀਤੇ ਜਾਣ;

- ਪੁਰਾਲੇਖ-ਸੰਗ੍ਰਹਿ ਦਾ ਪ੍ਰਬੰਧਨ ਅਤੇ ਰਖਰਖਾਵ ਇਸ ਤਰੀਕੇ ਨਾਲ ਕੀਤਾ ਜਾਵੇ ਕਿ ਉਨ੍ਹਾਂ ਦੀ ਪ੍ਰਮਾਣਿਕਤਾ, ਵਿਸ਼ਵਸਨੀਅਤਾ, ਏਕੀਕਰਨ ਅਤੇ ਉਪਯੋਗਤਾ ਨੂੰ ਯਕੀਨੀ ਬਣਾਇਆ ਜਾਵੇ;

- ਵਿਅਕਤੀ, ਨਿਰਮਾਤਾਵਾਂ, ਮਾਲਕਾਂ ਅਤੇ ਉਪਭੋਗਤਾਵਾਂ ਦੇ ਉਚਿਤ ਕਨੂੰਨਾਂ ਅਤੇ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ ਪੁਰਾਲੇਖ-ਸੰਗ੍ਰਹਿ ਨੂੰ ਹਰ ਕਿਸੇ ਦੀ ਪਹੁੰਚ ਵਿੱਚ ਕੀਤਾ ਜਾਵੇ;

- ਪੁਰਾਲੇਖ-ਸੰਗ੍ਰਹਿ ਦੀ ਵਰਤੋਂ ਜਿੰਮੇਵਾਰ ਨਾਗਰਿਕਤਾ ਦੇ ਵਧਾਵੇ ਵਿੱਚ ਯੋਗਦਾਨ ਦੇਣ ਲਈ ਕੀਤਾ ਜਾਵੇ।